# ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।
3) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ।
4) ਸਮੂਹ ਸਕੂਲ ਮੁੱਖੀ।

ਮੀਮੋ ਨੰ: ਸਸਅ/ਐਮਸੀ/2016/12770
ਮਿਤੀ : 29-8-16

ਵਿਸ਼ਾ:- **ਸਤੰਬਰ, 2016 ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਸੰਕਲਿਤ ਮੁਲਾਂਕਣ (SA-I) ਅਤੇ ਨੌਵੀਂ ਅਤੇ ਦਸਵੀਂ ਜਮਾਤ ਦੀ ਪ੍ਰੀਖਿਆ ਸਬੰਧੀ ਸਮਾਂ ਸਾਰਨੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਤੰਬਰ 2016 ਵਿੱਚ ਵਿਦਿਆਰਥੀਆਂ ਦਾ ਚੌਥੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਾ ਸੰਕਲਿਤ ਮੁਲਾਂਕਣ (SA-I) ਅਤੇ ਨੌਵੀਂ ਅਤੇ ਦਸਵੀਂ ਜਮਾਤ ਦੀ ਸਤੰਬਰ 2016 ਪ੍ਰੀਖਿਆ ਲਈ ਜਾਣੀ ਹੈ। ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕਿ ਵਿਦਿਆਰਥੀ ਇਸ ਮੁਲਾਂਕਣ/ਪ੍ਰੀਖਿਆ ਪ੍ਰਤੀ ਪੂਰਨ ਰੂਪ ਵਿੱਚ ਦੁਹਰਾਈ ਕਰ ਸਕਣ ਅਤੇ ਇਸ ਮੁਲਾਂਕਣ ਪ੍ਰਤੀ ਸੰਜੀਦਾ ਹੋ ਜਾਣ, ਤਹਿਤ ਸਮਾਂ ਸਾਰਨੀ ਜਾਰੀ ਕੀਤੀ ਜਾ ਰਹੀ ਹੈ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ. | ਮਿਤੀ | ਦਿਨ | ਦਸਵੀਂ | ਨੌਵੀਂ | ਅੱਠਵੀਂ | ਸੱਤਵੀਂ | ਛੇਵੀਂ | ਪੰਜਵੀਂ | ਚੌਥੀ |
|---|---|---|---|---|---|---|---|---|---|
| 1 | 13.9.2016 | ਮੰਗਲਵਾਰ | ਅੰਗਰੇਜ਼ੀ | ਅੰਗਰੇਜ਼ੀ | ਸਮਾਜਿਕ ਸਿੱਖਿਆ | ਸਾਇੰਸ | ਅੰਗਰੇਜ਼ੀ | ----- | ----- |
| 2 | 14.9.2016 | ਬੁੱਧਵਾਰ | ਪੰਜਾਬੀ ਏ | ਹਿੰਦੀ | ਚੋਣਵਾ ਵਿਸ਼ਾ | ਸਰੀਰਕ ਸਿੱਖਿਆ | ਕੰਪਿਊਟਰ ਸਿੱਖਿਆ | ----- | ----- |
| 3 | 15.9.2016 | ਵੀਰਵਾਰ | ਪੰਜਾਬੀ ਬੀ | ਚੋਣਵਾ ਵਿਸ਼ਾ | ਪੰਜਾਬੀ | ਸਮਾਜਿਕ ਸਿੱਖਿਆ | ਹਿੰਦੀ | ਅੰਗਰੇਜ਼ੀ | ਗਣਿਤ |
| 4 | 16.9.2016 | ਸ਼ੁੱਕਰਵਾਰ | ਗਣਿਤ | ਪੰਜਾਬੀ ਏ | ਸਰੀਰਕ ਸਿੱਖਿਆ | ---- | ਸਰੀਰਕ ਸਿੱਖਿਆ | ----- | ----- |
| 5 | 17.9.2016 | ਸ਼ਨੀਵਾਰ | ਚੋਣਵਾ ਵਿਸ਼ਾ | ਪੰਜਾਬੀ ਬੀ | ਗਣਿਤ | ਗਣਿਤ | ਸਾਇੰਸ | ਪੰਜਾਬੀ | ਹਿੰਦੀ |
| 6 | 19.9.2016 | ਸੋਮਵਾਰ | ਸਾਇੰਸ | ਗਣਿਤ | ਅੰਗਰੇਜ਼ੀ | ਅੰਗਰੇਜ਼ੀ | ਗਣਿਤ | ਗਣਿਤ | ਅੰਗਰੇਜ਼ੀ |
| 7 | 20.9.2016 | ਮੰਗਲਵਾਰ | ਕੰਪਿਊਟਰ ਸਿੱਖਿਆ | ਸਰੀਰਕ ਸਿੱਖਿਆ | ਕੰਪਿਊਟਰ ਸਿੱਖਿਆ | ਚੋਣਵਾ ਵਿਸ਼ਾ | ----- | ਵਾਤਾਵਰ ਨ ਸਿੱਖਿਆ | ਪੰਜਾਬੀ |
| 8 | 21.9.2016 | ਬੁੱਧਵਾਰ | ਹਿੰਦੀ | ਸਮਾਜਿਕ ਸਿੱਖਿਆ | ਹਿੰਦੀ | ਪੰਜਾਬੀ | ਸਮਾਜਿਕ ਸਿੱਖਿਆ | ਹਿੰਦੀ | ਵਾਤਾਵਰਨ ਸਿੱਖਿਆ |
| 9 | 22.9.2016 | ਵੀਰਵਾਰ | ਸਰੀਰਕ ਸਿੱਖਿਆ | ਕੰਪਿਊਟਰ ਸਿੱਖਿਆ | ----- | ਕੰਪਿਊਟਰ ਸਿੱਖਿਆ | ਚੋਣਵਾ ਵਿਸ਼ਾ | | |
| 10 | 23.9.2016 | ਸ਼ੁੱਕਰਵਾਰ | ਸਮਾਜਿਕ ਸਿੱਖਿਆ | ਸਾਇੰਸ | ਸਾਇੰਸ | ਹਿੰਦੀ | ਪੰਜਾਬੀ | | |

ਮੁਲਾਂਕਣ/ਪ੍ਰੀਖਿਆ ਦਾ ਸਮਾਂ ਸਵੇਰੇ 8:30 ਵਜੇ ਤੋਂ 11:30 ਵਜੇ ਤੱਕ ਰਹੇਗਾ। ਸਕੂਲ ਦੇ ਅਨੁਸ਼ਾਸ਼ਨ ਦੀ ਜਿੰਮੇਵਾਰੀ ਪ੍ਰਿੰਸੀਪਲ/ਹੈੱਡ ਮਾਸਟਰ/ ਸਕੂਲ ਇੰਚਾਰਜ ਦੀ ਹੋਵੇਗੀ।ਸਤੰਬਰ, 2016 ਵਿੱਚ ਚੌਥੀ ਤੋਂ ਦਸਵੀਂ ਜਮਾਤ ਦੀ ਪ੍ਰੀਖਿਆ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਪੇਪਰ ਤਿਆਰ ਕਰਕੇ ਮਿਤੀ 13.9.2016 ਤੋਂ 23.9.2016 ਤੱਕ ਲਈ ਜਾਵੇਗੀ।

2.0 ਕੰਪਿਊਟਰ ਅਧਿਆਪਕ ਆਪਣੇ ਵਿਸ਼ੇ ਦੇ ਮੁਲਾਂਕਣ ਟੂਲਜ਼/ਪੇਪਰ ਆਪਣੇ ਪੱਧਰ ਤੇ ਪੈਟਰਨ ਅਨੁਸਾਰ ਤਿਆਰ ਕਰਨਗੇ। ਜਿਸਦਾ ਸਮਾਂ ਦੋ ਘੰਟੇ ਹੋਵੇਗਾ। ਪ੍ਰੈਕਟੀਕਲ ਮੁਲਾਂਕਣ, ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

3.0 ਛੇਵੀਂ ਤੋਂ ਦਸਵੀਂ ਜਮਾਤ ਦੇ ਸਾਇੰਸ/ ਹਿਸਾਬ/ ਚੋਣਵੇ ਵਿਸ਼ੇ ਦੀ ਪ੍ਰਯੋਗੀ ਪ੍ਰੀਖਿਆ/ ਮੁਲਾਂਕਣ ਵੀ ਸਬੰਧਤ ਵਿਸ਼ਾ ਅਧਿਆਪਕਾਂ ਵੱਲੋਂ ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

4.0 ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ (ਸਤੰਬਰ 2016) ਦੇ ਮੁਲਾਂਕਣ ਲਈ ਸਕੂਲ ਮੁੱਖੀ ਆਪਣੇ ਪੱਧਰ ਤੇ ਸਬੰਧਤ ਵਿਸ਼ਾ ਅਧਿਆਪਕਾਂ ਦੁਆਰਾ, ਪਹਿਲਾਂ ਦੀ ਤਰ੍ਹਾਂ ਪੇਪਰ ਤਿਆਰ ਕਰਵਾ ਲੈਣ ਅਤੇ ਸਕੂਲ ਮੁੱਖੀ ਆਪਣੇ ਪੱਧਰ ਤੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਸਾਰੀਆਂ Streams ਲਈ ਸਮਾਂ ਸਾਰਣੀ ਜਾਰੀ ਕਰ ਲੈਣ।

5.0 ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਸਮਾਂ ਸਾਰਣੀ ਜਾਰੀ ਕਰਨ ਲੱਗਿਆਂ ਸਕੂਲ ਮੁਖੀ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਜਮਾਤਾਂ ਦਾ ਲਿਖਤੀ ਮੁਲਾਂਕਣ ਵੀ ਮਿਤੀ 13 ਸਤੰਬਰ 2016 ਤੋਂ 23 ਸਤੰਬਰ 2016 ਤੱਕ ਕਰਵਾ ਲਿਆ ਜਾਵੇ ਤਾਂ ਜੋ ਸਾਰੇ ਸਕੂਲਾਂ ਵਿੱਚ ਮੁਲਾਂਕਣ ਦਾ ਸਮਾਂ ਇਕਸਾਰ ਰਹੇ। ਇਸ ਤੋਂ ਇਲਾਵਾ ਜਿਹਨਾਂ ਵਿਸ਼ਿਆਂ ਦਾ ਪ੍ਰਯੋਗੀ ਮੁਲਾਂਕਣ ਹੋਣਾ ਹੈ, ਉਹ ਲਿਖਤੀ ਪ੍ਰੀਖਿਆ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣ।

6.0 ਵਿਦਿਆਰਥੀਆਂ ਨੂੰ ਮੁਲਾਂਕਣ ਤੋਂ ਬਾਅਦ ਮਿਡ-ਡੇ-ਮੀਲ ਵੀ ਦਿੱਤਾ ਜਾਵੇ।

7.0 ਪਹਿਲੀ ਤੋਂ ਤੀਜੀ ਜਮਾਤਾਂ ਦਾ ਮੁਲਾਂਕਣ ਪ੍ਰਵੇਸ਼ ਪ੍ਰੋਜੈਕਟ ਤਹਿਤ ਕੀਤਾ ਜਾ ਰਿਹਾ ਹੈ।

8.0 ਬੱਚਿਆਂ ਦੀ ਕਾਰਗੁਜਾਰੀ 30 ਸਤੰਬਰ 2016 ਨੂੰ ਦੱਸੀ ਜਾਵੇਗੀ।ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਪੇ-ਅਧਿਆਪਕ ਮਿਲਣੀ (PTM) 30 ਸਤੰਬਰ 2016 ਨੂੰ ਲਾਜ਼ਮੀ ਤੌਰ ਤੇ ਸਵੇਰੇ 9:00 ਵਜੇ ਤੋਂ 1:00 ਵਜੇ ਤੱਕ ਆਯੋਜਿਤ ਕਰਵਾਉਣ ਤਾਂ ਜੋ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕੇ ਅਤੇ ਵਿਦਿਆਰਥੀਆਂ ਦੇ ਭਵਿੱਖ ਲਈ ਸਕਾਰਤਮਕ ਸਿੱਟੇ ਨਿਕਲ ਸਕਣ।

9.0 ਸਮੂਹ ਸਕੂਲ ਮੁੱਖੀ, ਜਮਾਤ ਇੰਚਾਰਜ ਦੁਆਰਾ ਉੱਕਤ ਸਮਾਂ ਸਾਰਣੀ ਨੂੰ ਵਿਦਿਆਰਥੀਆਂ ਦੀ ਕਾਪੀ ਤੇ ਨੋਟ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਦੁਹਰਾਈ ਕਰਵਾਉਣ ਲਈ ਵਿਸ਼ਾ ਅਧਿਆਪਕਾਂ ਨੂੰ ਦੁਹਰਾਈ ਚਾਰਟ ਬਣਾਉਣ ਦੀ ਹਦਾਇਤ ਕਰਨ।

10.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

**ਪਿੱਠਅੰਕਣ ਨੰ: ਸਸਅ/ਐਮਸੀ/2016/**12771 **ਮਿਤੀ:** 29-8-16

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਡੀ.ਪੀ.ਆਈ. (ਸੈ.ਸਿ.), ਪੰਜਾਬ।
2) ਡੀ.ਪੀ.ਆਈ. (ਐ.ਸਿ.), ਪੰਜਾਬ।
3) ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**